੧੬੯

ਕਰਾਮਾਤ

(ਲੇਖਕ: ਭਾਈ ਜੋਧ ਸਿੰਘ)

ਕਰਾਮਾਤਾਂ ਬਾਬਤ ਦੋ ਖ਼ਿਆਲ ਪ੍ਰਚੱਲਤ ਹਨ। ਕਈ ਧਰਮ ਤਾਂ ਇਹ ਮੰਨਦੇ ਹਨ ਕਿ ਨਬੀ ਤੇ ਪੈਗੰਬਰ ਜੋ ਰੱਬ ਵੱਲੋਂ ਦੁਨੀਆਂ ਨੂੰ ਧਰਮ ਦੀ ਸਿੱਖਿਆ ਦੇਣ ਆਉਂਦੇ ਹਨ, ਉਨ੍ਹਾਂ ਨੂੰ ਰੱਬ ਵੱਲੋਂ ਖ਼ਾਸ ਤਾਕਤਾਂ ਮਿਲਦੀਆਂ ਹਨ, ਤਾਂ ਜੋ ਉਨ੍ਹਾਂ ਤਾਕਤਾਂ ਦੇ ਰਾਹੀਂ ਉਹ ਮੁਅਜਜ਼ੇ ਵਿਖਾ ਕੇ ਇਹ ਸਾਬਤ ਕਰ ਸਕਣ ਕਿ ਅਸੀਂ ਰੱਬ ਵੱਲੋਂ ਹਾਂ। ਪਰ ਫਰਊਨ ਦੇ ਸਾਹਮਣੇ ਜਦੋਂ ਹਜ਼ਰਤ ਮੂਸਾ ਜੀ ਦੇ ਮੁਅਜਜ਼ਿਆਂ ਦਾ ਹਾਲ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਮਿਸਰ ਦੇ ਜਾਦੂਗਰ ਵੀ ਕਈ ਕਰਾਮਾਤਾਂ ਵਿਖਾ ਸਕਦੇ ਸਨ। ਹਿੰਦੁਸਤਾਨ ਵਿੱਚ ਵੀ ਕਰਾਮਾਤਾਂ ਤੇ ਸਿੱਧੀਆਂ ਨੂੰ ਮੰਨਿਆ ਜਾਂਦਾ ਰਿਹਾ ਹੈ। ਪਾਤੰਜਲੀ ਯੋਗ ਸੂਤਰਾਂ ਦੇ ਵਿਭੂਤੀ ਪਾਦ ਵਿੱਚ ਉਨ੍ਹਾਂ ਤਾਕਤਾਂ ਦਾ ਜ਼ਿਕਰ ਕਰਦੇ ਹਨ ਜੋ ਹਰ ਇੱਕ ਮਨੁੱਖ ਨੂੰ ਚਿੱਤ ਦੀ ਇਕਾਗਰਤਾ ਦੁਆਰਾ ਪ੍ਰਾਪਤ ਹੋ ਸਕਦੀਆਂ ਹਨ। ਉਹ ਇਹ ਵੀ ਦੱਸਦੇ ਹਨ ਕਿ ਇਹ ਤਾਕਤਾਂ ਦਵਾਈਆਂ, ਮੰਤਰਾਂ ਤੇ ਤਪ ਦੁਆਰਾ ਵੀ ਆ ਜਾਂਦੀਆਂ ਹਨ ਤੇ ਕਈਆਂ ਵਿੱਚ ਜਨਮ ਤੋਂ ਹੀ ਹੁੰਦੀਆਂ ਹਨ। ਪਹਿਲੇ ਖ਼ਿਆਲ ਦੇ ਮੂਜਬ ਕਰਾਮਾਤਾਂ ਖ਼ਾਸ ਤਾਕਤਾਂ ਹਨ ਜੋ ਚੋਣਵੇਂ ਮਨੁੱਖਾਂ ਨੂੰ ਨਿਰੰਕਾਰ ਦਿੰਦਾ ਹੈ। ਦੂਜੇ ਖ਼ਿਆਲ ਅਨੁਸਾਰ ਇਹ ਤਾਕਤਾਂ ਹਰ ਇੱਕ ਮਨੁੱਖ ਆਪਣੇ ਯਤਨ ਨਾਲ ਹਾਸਲ ਕਰ ਸਕਦਾ ਹੈ। ਪਰ ਯੋਗੀ ਇਹ ਵੀ ਮੰਨਦੇ ਹਨ ਕਿ ਜੋ ਮਨੁੱਖ ਸਿੱਧੀਆਂ ਮਗਰ ਲਗ ਪੈਂਦਾ ਹੈ ਉਹ ਕਯੀਵਲ ਨੂੰ ਪ੍ਰਾਪਤ ਨਹੀਂ ਕਰ ਸਕਦਾ।

ਸਿੱਖ ਇਤਿਹਾਸ ਵਿੱਚ ਵੀ ਕਰਾਮਾਤਾਂ ਦਾ ਜ਼ਿਕਰ ਹੈ, ਪਰ ਇਹ ਕਿਧਰੇ ਨਹੀਂ ਦੱਸਿਆ ਗਿਆ ਕਿ ਗੁਰੂ ਸਾਹਿਬਾਂ ਨੇ ਕਰਾਮਾਤਾਂ ਵਿਖਾ ਕੇ ਕਿਹਾ ਹੋਵੇ ਕਿ ਸਾਡੀ ਸਿੱਖਿਆ ਇਸ ਲਈ ਮੰਨੋ ਕਿ ਅਸੀਂ ਕਰਾਮਾਤਾਂ ਵਿਖਾ ਸਕਦੇ ਹਾਂ। ਨਾਂ ਹੀ ਆਪਣੇ ਤੋਂ ਕੋਈ ਬਿਪਤਾ ਟਾਲਣ ਲਈ ਕਰਾਮਾਤਾਂ ਤੋਂ ਕੰਮ ਲਿਆ ਹੈ।

੧. ਗੁਰੂ ਅਰਜਨ ਦੇਵ ਜੀ ਨੂੰ ਅੰਤ ਸਮੇਂ ਹਜ਼ਰਤ ਮੀਆਂ ਮੀਰ ਨੇ ਕਿਹਾ ਕਿ ਇਤਨੀਆਂ ਤਾਕਤਾਂ ਦੇ ਮਾਲਕ ਹੋ ਕੇ ਕਿਉਂ ਦੁੱਖ ਸਹਾਰਦੇ ਹੋ? ਸਾਹਿਬਾਂ ਕਿਹਾ ਤਾਕਤਾਂ ਵਿਖਾਉਣ ਨਾਲੋਂ ਭਾਣਾ ਮੰਨਣਾ ਵਧੀਕ ਉੱਚੀ ਪਦਵੀ ਹੈ।

੨. ਬਾਬਾ ਅਟੱਲ ਜੀ ਤੇ ਬਾਬਾ ਗੁਰਦਿੱਤਾ ਜੀ ਦੇ ਕਰਾਮਾਤ ਵਿਖਾਉਣ ਤੇ ਗੁਰੂ ਹਰਿਗੋਬਿੰਦ ਜੀ ਨੇ ਅਜਿਹੀ ਨਰਾਜ਼ਗੀ ਪ੍ਰਗਟ ਕੀਤੀ ਕਿ ਦੋਹਾਂ ਸਾਹਿਬਜ਼ਾਦਿਆਂ ਨੇ ਆਪਣਾ ਸਰੀਰ ਛੱਡਣਾ ਹੀ ਮੁਨਾਸਿਬ ਸਮਝਿਆ।

੩. ਨੌਵੇਂ ਪਾਤਸ਼ਾਹ ਨੇ ਸਿਰ ਦੇਣਾ ਕਬੂਲ ਕੀਤਾ ਪਰ ਕਰਾਮਾਤ ਨਾ ਵਿਖਾਈ।

੪. ਬਾਣੀ ਦੇ ਵਿੱਚ ਖ਼ਾਸ ਤਾਕਤਾਂ ਦੀ ਹੋਂਦ ਨੂੰ ਮੰਨਿਆ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਤਾਕਤਾਂ ਨਿਰੰਕਾਰ ਦੀ ਮਿਹਰ ਨਾਲ ਹਾਸਲ ਹੋ ਜਾਂਦੀਆਂ ਹਨ, ਪਰ ਨਾਲ ਹੀ ਇਹ ਦੱਸਿਆ ਹੈ ਕਿ ਨਾਮ ਸਭ ਤੋਂ ਵੱਡੀ ਦਾਤ ਹੈ। ਕਰਾਮਾਤਾਂ ਨਾਮ ਤੋਂ ਬਿਨਾਂ ਹੇਚ ਹਨ।

- ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥ (੧੪੭)

- ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ॥
ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ॥ (੬੫੦)

ਗੁਰਮਤਿ ਵਿੱਚ ਸਿੱਧੀਆਂ ਨੂੰ ਹੋਰ ਪਾਸੇ ਦਾ ਸ੍ਵਾਦ ਕਿਹਾ ਗਿਆ ਹੈ ਤੇ ਉਪਦੇਸ਼ ਇਹ ਕੀਤਾ ਗਿਆ ਹੈ ਕਿ ਇਨ੍ਹਾਂ ਦੇ ਭੁਲਾਵੇ ਵਿੱਚ ਆ ਕੇ ਨਾਮ ਤੋਂ ਨਾ ਉੱਕ ਜਾਣਾ।

– ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ॥ (੬)

– ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥ .....
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥ (੧੪)

ਮੁੱਕਦੀ ਗੱਲ ਇਹ ਹੈ ਕਿ ਖ਼ਾਸ ਤਾਕਤਾਂ ਦੀ ਹੋਂਦ ਨੂੰ ਮੰਨਿਆ ਗਿਆ ਹੈ। ਪਰ ਇਹ ਜ਼ਰੂਰੀ ਨਹੀਂ ਕਿ ਜਿਸ ਦੇ ਪਾਸ ਇਹ ਤਾਕਤਾਂ ਹੋਣ ਉਹ ਠੀਕ ਹੀ ਸੰਤ ਹੈ। ਜਿਵੇਂ ਮਨੁੱਖ ਮਾਇਕ ਪਦਾਰਥਾਂ ਨੂੰ ਖੁਦਗਰਜ਼ੀ ਲਈ ਵਰਤ ਸਕਦਾ ਹੈ, ਇਵੇਂ ਹੀ ਇਹ ਤਾਕਤਾਂ ਵੀ ਖੁਦਗਰਜ਼ੀ ਲਈ ਵਰਤੀਆਂ ਜਾ ਸਕਦੀਆਂ ਹਨ। ਇਸ ਲਈ ਇਨ੍ਹਾਂ ਦਾ ਲਾਲਚ ਸਿੱਖ ਨਾ ਕਰੇ। ਸਭ ਤੋਂ ਵੱਡੀ ਦਾਤ ਨਾਮ ਹੈ। ਇਸ ਨੂੰ ਛੱਡ ਕੇ ਤਾਕਤਾਂ ਮਗਰ ਨਾ ਭਟਕੇ।